# ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ
# ਖਾਲਸੇ ਪੰਥ ਬੁੱਢਾ ਦਲ ਦੇ ਜਥੇਦਾਰਾਂ ਦਾ ਸੂਚੀ ਪੱਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਚੱਲਦਾ ਵਹੀਰ (ਚਕ੍ਰਵਰਤੀ)
ਪੰਜਾਬ, ਹਿੰਦੋਸਤਾਨ, (ਵਿਸ਼ਵ)

- ਪ੍ਰਥਮ ਸਤਿਗੁਰਾਂ ਨੇ ਸ੍ਰੀ ਹਜ਼ੂਰ ਸਾਹਿਬ ਤੋਂ ਗੁਰੂ ਖਾਲਸੇ ਨੂੰ ਤੋਰਿਆ ਜਿਸ ਦੇ ਜਥੇਦਾਰ ਬਾਬਾ ਬਿਨੋਦ ਸਿੰਘ ਜੀ ਘੱਲੇ ਜਿਨ੍ਹਾਂ ਦੀ ਕਮਾਨ ਹੇਠ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਤੋਰਿਆ। ਜੋ ਨਿਸ਼ਾਨ ਅਤੇ ਨਗਾਰਾ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬਿਨੋਦ ਸਿੰਘ ਜੀ ਅਤੇ ਬੰਦਾ ਸਿੰਘ ਬਹਾਦਰ ਨੂੰ ਦੇ ਕੇ ਪੰਜਾਬ ਭੇਜਿਆ ਸੀ ਉਹ ਇਤਿਹਾਸਕ ਨਿਸ਼ਾਨ ਅਤੇ ਨਗਾਰਾ ਬੁੱਢਾ ਦਲ ਕੋਲ ਅੱਜ ਵੀ ਮੌਜੂਦ ਹੈ ਜਿਨਾਂ ਦੀ ਤਾਬਿਆਂ ਬੁੱਢਾ ਦਲ ਉਸ ਸਮੇ ਤੋ ਲੈ ਕੇ ਹੁਣ ਤਕ ਵਿਚਰ ਰਿਹਾ ਹੈ।
- ਦੂਸਰੇ ਜਥੇਦਾਰ ਦੀਵਾਨ ਦਰਬਾਰਾ ਸਿੰਘ ਜੀ ਹੋਏ ਹਨ।
- ਤੀਸਰੇ ਜਥੇਦਾਰ ਨਵਾਬ ਕਪੂਰ ਸਿੰਘ ਜੀ ਹੋਏ ਹਨ ਜਿਨ੍ਹਾਂ ਨੇ ਪੰਜ ਤਰਨੇ ਦਲ ਬਣਾਏ ਅਤੇ ਪੰਥ ਦਾ ਨਾਂ ਬੁੱਢਾ ਦਲ ਰੱਖਿਆ ਕਿਉਂਕਿ ਸਤਿਗੁਰੂ ਹਰਗੋਬਿੰਦ ਸਾਹਿਬ ਜੀ ਨੇ ਗਵਾਲੀਅਰ ਦੇ ਕਿਲੇ ਵਿਚੋਂ ਘਰ ਆਉਣ ਦੀ ਖੁਸ਼ੀ ਵਿੱਚ ਸਤਿਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਵਰ ਦਿੱਤਾ ਸੀ ਕਿ ਆਪ ਜੀ ਦੇ ਨਾਂ ਦਾ ਦਲ ਪੰਥ ਵੀ ਚਲੇਗਾ। ਰਿੱਧੀਆਂ ਸਿੱਧੀਆਂ ਨਾਲ ਭਰਪੂਰ ਪਲੇ, ਪਲਾਏ ਇਰਾਕੇ (ਘੋੜੇ) ਅਤੇ ਭੁਝੰਗੀ (ਜਵਾਨ) ਆਇਆ ਕਰਨਗੇ। ਵਰ-ਸਰਾਫ਼ ਚਲਦੇ ਰਹਿਣਗੇ।
- ਚੌਥੇ ਜਥੇਦਾਰ ਜੱਸਾ ਸਿੰਘ ਜੀ (ਪਾਤਸ਼ਾਹ) ਆਹਲੂਵਾਲੀਆ ਜਿਨ੍ਹਾਂ ਨੇ ਜਥੇਦਾਰ ਕਪੂਰ ਸਿੰਘ ਜੀ ਦੇ ਨਾਮ ਤੇ ਕਪੂਰਥਲਾ ਵਸਾਇਆ ਅਤੇ ਪੰਥ ਨੂੰ ਚਕ੍ਰਵਰਤੀ ਪੰਜਵੇਂ ਜਥੇਦਾਰ ਬਾਬਾ ਨੈਣਾ ਸਿੰਘ ਜੀ ਨੂੰ ਥਾਪਿਆ।
- ਪੰਜਵੇ ਜਥੇਦਾਰ ਬਾਬਾ ਨੈਣਾ ਸਿੰਘ ਜੀ ਹੋਏ ਹਨ, ਜਿਨ੍ਹਾਂ ਨੇ ਅੱਸੀ ਹਜ਼ਾਰ ਘੋੜ ਸਵਾਰ ਸਿੰਘਾਂ ਦੀ ਕਮਾਨ ਕੀਤੀ।
- ਛੇਵੇਂ ਜਥੇਦਾਰ ਅਕਾਲੀ ਫੂਲਾ ਸਿੰਘ ਜੀ ਹੋਏ ਹਨ, ਜਿਨ੍ਹਾਂ ਨੇ ਜਥੇਦਾਰ ਨੈਣਾ ਸਿੰਘ ਜੀ ਪਿਛੋਂ ਫੌਜ ਦੀ ਕਮਾਨ ਸੰਭਾਲੀ। ਇਨ੍ਹਾਂ ਦੀ ਮਹਾਨ ਕੁਰਬਾਨੀ ਦੀ ਦੇਣ ਸਿੱਖ ਰਾਜ ਵਧਿਆ ਫੂਲਿਆ। ਕਸ਼ਮੀਰ, ਬਹਾਵਲਪੁਰ, ਮੁਲਤਾਨ, ਫਰੰਨਟੀਅਰ ਗੰਗਾ ਨਗਰ ਅਤੇ ਜਮਨਾ ਤੱਕ ਸਿੱਖ ਰਾਜ ਦੇ ਘੋੜੇ ਪਾਣੀ ਪੀਂਦੇ ਸਨ।
- ਸੱਤਵੇਂ ਜਥੇਦਾਰ ਸਿੰਘ ਸਾਹਿਬ ਬਾਬਾ ਹਨੂੰਮਾਨ ਸਿੰਘ ਜੀ, ਜਿਨ੍ਹਾਂ ਨੇ ਸਿੱਖ ਰਾਜ ਦੇ ਅੰਤ ਸਮੇਂ ਮੁਦਕੀ ਦੇ ਮੈਦਾਨ ਵਿਚ ਅੰਗ੍ਰੇਜ਼ੀ ਫੌਜ ਦਾ ਮੂੰਹ ਮੋੜਿਆ ਤੇ ਪੰਜਾਬ ਛੱਡ ਜਾਣ ਤੇ ਮਜਬੂਰ ਕਰ ਦਿੱਤਾ।
- ਅੱਠਵੇਂ ਜਥੇਦਾਰ ਬਾਬਾ ਪਰਲਾਦ ਸਿੰਘ ਜੀ ਹੋਏ ਹਨ, ਜਿਨ੍ਹਾਂ ਨੇ, ਪੰਥ ਨੂੰ ਦੂਜੀ ਵਾਰ ਸ੍ਰੀ ਹਜ਼ੂਰ ਸਾਹਿਬ ਜੀ ਦੇ ਦਰਸ਼ਨ ਕਰਵਾਏ ਅਤੇ ਅੰਤਮ ਸਮਾਂ ਉਥੇ ਹੀ ਬਤੀਤ ਕੀਤਾ।
- ਨੌਵੇਂ ਜਥੇਦਾਰ ਬਾਬਾ ਗਿਆਨਾਂ ਸਿੰਘ ਜੀ ਹੋਏ ਹਨ। ਇਨ੍ਹਾਂ ਨੇ ਪੰਥ ਨੂੰ ਫਿਰ ਜਾਗ ਲਾਈ ਨਿਸ਼ਾਨ ਸਾਹਿਬ, ਧੌਂਸਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਜ਼ੂਰ ਸਾਹਿਬ ਤੋਂ ਪੰਜਾਬ ਲੈ ਕੇ ਆਏ।
- ਦਸਵੇਂ ਜਥੇਦਾਰ ਬ੍ਰਹਮ ਸਰੂਪ ਬਾਬਾ ਤੇਜਾ ਸਿੰਘ ਜੀ ਹੋਏ ਹਨ ਜਿਨ੍ਹਾਂ ਨੇ ਪੰਥ ਲਈ ਮਹਾਨ ਘਾਲਣਾ ਘਾਲੀਆਂ ਅਤੇ ਕਾਫੀ ਜਾਇਦਾਦਾਂ ਬਣਾਈਆਂ।



www.budhadal.com

- ਗਿਆਰਵੇਂ ਜਥੇਦਾਰ ਸਿੰਘ ਸਾਹਿਬ ਬਾਬਾ ਸਾਹਿਬ ਸਿੰਘ ਜੀ ਕਲਾਧਾਰੀ ਹੋਏ ਜਿਨ੍ਹਾਂ ਨੇ ਘੋਰ ਤਪੱਸਿਆ ਕਰਕੇ ਪੰਥ ਨੂੰ ਚਾਰ ਚੰਨ ਲਾਏ ਅਤੇ ਬ੍ਰਹਮ ਗਿਆਨੀ ਅਵਸਥਾ ਕਰਕੇ ਸੰਗਤਾਂ ਇਨਾਂ ਦਾ ਸਤਿਕਾਰ ਕਰਦੀਆਂ ਹਨ।
- ਬਾਰ੍ਹਵੇਂ ਜਥੇਦਾਰ 96 ਕਰੋੜੀ ਜਥੇਦਾਰ ਬਾਬਾ ਚੇਤ ਸਿੰਘ ਜੀ ਹੋਏ ਹਨ, ਜਿਨ੍ਹਾਂ ਦੀ ਤਪੱਸਿਆ ਦਾ ਸਦਕਾ ਪੰਥ ਬਹੁ ਗਿਣਤੀ ਵਿਚ ਆਇਆ। ਛਾਉਣੀਆਂ ਆਬਾਦ ਕੀਤੀਆਂ ਅਤੇ ਪੰਥ ਦੀ ਜਾਇਦਾਦ ਵਿਚ ਵਾਧਾ ਕੀਤਾ। ਸੰਗਤਾਂ ਨੂੰ ਬਾਣੀ ਅਤੇ ਬਾਣੇ ਨਾਲ ਜੋੜਦੇ ਰਹੇ।
- ਤੇਰਵੇਂ ਜਥੇਦਾਰ 96 ਵੇਂ ਕਰੋੜੀ ਸੰਤ ਸਿਪਾਹੀ ਬ੍ਰਹਮ ਗਿਆਨੀ, ਗੁਰਮਤ ਦੇ ਧਾਰਨੀ, ਗੁਰਬਾਣੀ ਦੇ ਰਸੀਏ ਬਾਬਾ ਸੰਤਾ ਸਿੰਘ ਜੀ ਅਕਾਲੀ ਜਿਨ੍ਹਾਂ ਦੀ ਮਹਾਨ ਕਿਰਪਾ ਦੁਆਰਾ ਪੰਥ ਨੇ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕੀਤੀ, ਸਭ ਤੋਂ ਵੱਡੀ ਸਿੱਖ ਪੰਥ ਨੂੰ ਸਿੰਘ ਸਾਹਿਬ ਦੀ ਦੇਣ ਇਹ ਹੈ ਕਿ ਉਸ ਸਮੇ ਸਾਢੇ ਪੰਜ ਲੱਖ ਰੁਪਏ ਲਾ ਕੇ ਪ੍ਰਥਮ ਸ਼੍ਰੀ ਸਰਬਲੋਹ ਗ੍ਰੰਥ ਜੀ ਆਪਣੀ ਪ੍ਰੈਸ ਲਾ ਕੇ ਛਪਾਇਆ। ਇਹ ਸੰਗਤਾਂ ਨੂੰ ਫਰੀ ਵੰਡਿਆ। ਇਹ ਉਹ ਪ੍ਰਥਮ ਗ੍ਰੰਥ ਹੈ ਜਿਸ ਵਿਚ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ 300 ਰਾਗਾਂ ਅਤੇ 52 ਭਾਸ਼ਾਵਾਂ ਵਰਤੇ ਕੇ ਤਿਆਰ ਕੀਤਾ ਸੀ। ਇਹ ਇਕ ਐਸਾ ਅਮੋਲਕ ਧੰਨ ਹੈ ਜੋ ਕਦੇ ਵੀ ਬਿਨਸ ਨਹੀਂ ਸਕਦਾ। ਇਸ ਵਿਚ ਚਾਰੇ ਜੁੱਗ, ਚਾਰੇ ਦਿਸ਼ਾਵਾਂ ਕਲ ਕੇਵਲ ਨਾਮ ਅਧਾਰ, ਸਤਜੁਗ, ਦੁਆਪਰ ਤਰੇਤਾ ਅਤੇ ਕਲਯੁਗ ਚੌਹਾਂ ਜੁਗਾਂ ਦਾ ਸਿਮਰਤ ਮਹਾਤਮ ਅਤੇ ਵਰਣਨ ਹੈ। ਇਨ੍ਹਾਂ ਨੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਪੰਜਵਾਂ ਤਖਤ ਦੀ ਵਿਸਰੀ ਰਹੁ ਰੀਤਾਂ ਗੁਰ ਮਰਯਾਦਾ ਪੰਥ ਵਿਚ ਫਿਰ ਪ੍ਰਚੱਲਤ ਕੀਤੀ। ਨਿਤਾਂ ਪ੍ਰਤੀ ਨਿਤਨੇਮ ਕੀਰਤਨ ਕਥਾ ਅੰਮ੍ਰਿਤ ਵੇਲੇ, ਨਿਤਾ ਪ੍ਰਤੀ 12 ਮਹੀਨੇ ਧਰਮ ਪ੍ਰਚਾਰ ਅਤੇ ਅੰਮ੍ਰਿਤ ਪ੍ਰਚਾਰ ਕਰਕੇ ਲੱਖਾਂ ਪ੍ਰਾਣੀਆਂ ਨੂੰ ਗੁਰੂ ਵਾਲੇ ਬਣਾਇਆ।
- ਮੌਜੂਦਾ ਚੌਧਵੇਂ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਜੀ 96 ਕਰੋੜੀ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾ ਤਖਤ ਚਲਦਾ ਵਹੀਰ ਚਕ੍ਰਵਰਤੀ ਪੰਜਾਬ ਹਿਦੁਸਤਾਨ (ਵਿਸ਼ਵ) ਹਨ। ਜਿਨਾਂ ਨੇ ਮਿਤੀ 1/10/2007 ਨੂੰ ਬੁੱਢਾ ਦਲ ਦੀ ਜਥੇਦਾਰੀ ਦੀ ਕਮਾਨ ਸੰਭਾਲੀ। ਜਥੇਦਾਰ ਬਾਬਾ ਸੰਤਾ ਸਿੰਘ ਜੀ ਦੇ ਅਧੂਰੇ ਕਾਰਜਾਂ ਨੂੰ ਨੇਪਰੇ ਚਾੜ ਕੇ ਬੁੱਢਾ ਦਲ ਦੀਆਂ ਛਾਉਣੀਆਂ ਤੇ ਸਕੂਲਾਂ ਵਿੱਚ ਇਮਾਰਤਾਂ ਦੀਆਂ ਸੇਵਾਵਾਂ ਸ਼ੁਰੂ ਕਰਵਾਈਆਂ। ਪਿਛਲੇ 2 ਸਾਲਾ ਦੇ ਵਿੱਚ ਗੁ: ਬਿਬਾਨਗੜ ਸਾਹਿਬ (ਫਤਹਿਗੜ ਸਾਹਿਬ) ਵਿੱਚ ਦਰਬਾਰ ਸਾਹਿਬ ਦੀ ਇਮਾਰਤ ਅਤੇ ਸਰਾਂ ਦੀ ਸੇਵਾ ਕਰਾਈ। ਗੁਰਦੁਆਰਾ ਲੋਹ ਗੜ ਸਾਹਿਬ ਜੀਰਕ ਪੁਰ ਵਿੱਚ ਦਰਬਾਰ ਸਾਹਿਬ ਦੀ ਚਾਰ ਦੀਵਾਰੀ ਦੀ ਸੇਵਾ ਕਰਾਈ ਅਤੇ ਬੁੱਢਾ ਦਲ ਪਬਲਿਕ ਸਕੂਲ ਦੀ ਨਵੀਂ ਬਰਾਂਚ ਖੁਲਵਾਈ। ਦਮਦਮਾ ਸਾਹਿਬ ਅਤੇ ਹੋਰ ਬਹੁਤ ਸਾਰੀਆਂ ਛਾਊਣੀਆਂ ਵਿੱਚ ਜਥੇਦਾਰ ਬਾਬਾ ਬਲਬੀਰ ਸਿੰਘ ਜੀ ਅਕਾਲੀ ਮੁਖੀ ਬੁੱਢਾ ਦਲ ਵਲੋਂ ਸੇਵਾਵਾਂ ਜਾਰੀ ਹਨ।



www.budhadal.com